# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 03 ਅਕਤੂਬਰ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਬ੍ਰਹਮ ਗਿਆਨੀ ਭਾਈ ਲਾਲੋ ਜੀ ਨੂੰ ਸਮੱਰਪਿਤ ਸਮਾਗਮ

### ਕਾਮਾਗਾਟਾਮਾਰੂ ਜਹਾਜ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ,3 ਅਕਤੂਬਰ : ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਬੀਤੇ ਦਿਨੀਂ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪ੍ਰਬੰਧਕਾਂ ਵੱਲੋਂ ਵਿਰਸੇ ਵਿਰਾਸਤ ਨਾਲ ਸੰਬੰਧਤ ਬ੍ਰਹਮ ਗਿਆਨੀ ਭਾਈ ਲਾਲੋ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਦਾ ਜੀਵਨ ਸੰਗਤਾਂ ਨਾਲ ਸਾਂਝਾ ਕੀਤਾ ਗਿਆ।

ਦਰਬਾਰ ਹਾਲ ਵਿਚ ਸੁਸਾਇਟੀ ਦੇ ਪਬਲਿਕ ਰਿਲੇਸ਼ਨ ਸੁਰਿੰਦਰ ਸਿੰਘ ਜੱਬਲ ਅਤੇ ਹੈੱਡ ਗ੍ਰੰਥੀ ਸਤਵਿੰਦਰਪਾਲ ਸਿੰਘ ਨੇ ਬ੍ਰਹਮ ਗਿਆਨੀ ਭਾਈ ਲਾਲੋ ਜੀ ਦੇ ਜੀਵਨ 'ਤੇ ਰੌਸ਼ਨੀ ਪਾਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਸਮੇਂ ਵਾਪਰੀਆਂ ਘਟਨਾਵਾਂ ਅਤੇ ਸਾਖੀਆਂ ਸੰਗਤ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ ਭਾਈ ਲਾਲੋ ਜੀ ਦਾ ਜਨਮ ਸੰਨ 1452 ਨੂੰ ਸੈਦਪੁਰ ਵਿਚ ਭਾਈ ਜਗਤ ਰਾਮ ਘਟੌੜਾ ਤੇ ਬੀਬੀ ਖੇਮੋਂ ਦੇ ਘਰ ਹੋਇਆ, ਬਾਅਦ ਵਿਚ ਇਹ ਸਥਾਨ ਏਮਨਾਬਾਦ ਸ਼ਹਿਰ ਦੇ ਨਾਮ ਨਾਲ ਮਸ਼ਹੂਰ ਹੋਇਆ। ਭਾਈ ਲਾਲੋ ਜੀ ਪਿਤਾ ਪੁਰਖੀ ਤਰਖਾਣਾ ਕੰਮ ਕਰ ਕੇ ਆਪਣੇ ਜੀਵਨ ਦਾ ਨਿਰਬਾਹ ਕਰਦੇ ਸਨ। ਦਸਾਂ ਨਹੁੰਆਂ ਦੀ ਕਿਰਤ ਦੇ ਨਾਲ ਨਾਲ ਆਏ ਗਏ ਦੀ ਸੇਵਾ ਕਰਨ ਅਤੇ ਵੰਡ ਛਕਣ ਦੇ ਮੁਦੱਈ ਸਨ। ਕੁਝ ਹਿਕਮਤ ਵੀ ਜਾਣਦੇ ਸਨ ਤੇ ਆਏ ਗਏ ਲੋੜਵੰਦਾਂ ਦੇ ਦਵਾ ਦਾਰੂ ਦੀ ਸੇਵਾ ਵੀ ਕਰਦੇ ਸਨ। ਇਹ ਉਨ੍ਹਾਂ ਦੀ ਨਿੱਤ ਦੀ ਕਾਰ ਸੀ ਜਿਸ ਕਰ ਕੇ ਪੇਸ਼ੇ ਤੇ ਦਵਾਈਆਂ ਪੱਖੋਂ ਆਲੇ ਦੁਆਲੇ ਪਿੰਡਾਂ ਵਿਚ ਜਾਣ ਪਹਿਚਾਣ ਵੀ ਬਣ ਗਈ ਸੀ।

ਸਾਖੀਕਾਰਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ 1507 ਵਿਚ ਭਾਈ ਲਾਲੋ ਦੇ ਘਰ ਏਮਨਾਬਾਦ ਵਿਚ ਪਹੁੰਚੇ। ਉਸ ਸਮੇਂ ਭਾਈ ਲਾਲੋ ਜੀ 55 ਸਾਲ ਦੇ ਸਨ। ਇਹ ਉਹ ਸਮਾਂ ਸੀ ਜਦੋਂ ਕਿ ਛੂਤ ਛਾਤ ਤੇ ਜਾਤਪਾਤ ਦਾ ਕੋਹੜ ਸਿਖਰਾਂ 'ਤੇ ਸੀ। ਉੱਚੀ ਜਾਤ ਦੇ ਘਮੰਡੀਆਂ ਵੱਲੋਂ ਬ੍ਰਹਮ ਗਿਆਨੀ ਭਾਈ ਲਾਲੋ ਨੂੰ ਅਛੂਤ ਆਖ ਕੇ ਭੰਡਿਆ ਜਾਂਦਾ ਸੀ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਾਂ ਨਹੁੰਆਂ ਦੀ ਈਮਾਨਦਾਰੀ ਨਾਲ ਕਿਰਤ ਕਮਾਈ ਕਰਨ ਵਾਲੇ ਤੇ ਉਸ ਕਿਰਤ ਕਮਾਈ ਵਿੱਚੋਂ ਆਏ ਗਏ ਦੀ ਸੇਵਾ ਕਰ ਕੇ ਵੰਡ ਕੇ ਖਾਣ ਵਾਲੇ ਦੀ ਅਛੂਤ ਜਾਂ ਅਖੌਤੀ ਵੰਡ 'ਤੇ ਕਰਾਰੀ ਸੱਟ ਮਾਰੀ ਤੇ ਉਸ ਸਮੇਂ ਦੇ ਧੰਨਵਾਨ ਮਲਿਕ ਭਾਗੋ ਨੂੰ ਅਹਿਸਾਸ ਕਰਵਾ ਦਿੱਤਾ ਕਿ ਈਮਾਨਦਾਰੀ ਨਾਲ ਕਮਾਈ ਹੋਈ ਰੁੱਖੀ ਸੁੱਖੀ ਕੋਧਰੇ ਦੀ ਰੋਟੀ ਖਾਣ ਨਾਲ ਮਨ ਭਗਤੀ ਭਾਵ ਵਿਚ ਜੁੜਦਾ ਹੈ ਤੇ ਮਾਸੂਮਾਂ ਦੀ ਖੂਨ ਪਸੀਨੇ ਦੀ ਕਮਾਈ ਵਾਲੇ ਪਰਾਏ ਨਾਲ ਬ੍ਰਹਮ ਭੋਜ ਕਰਵਾ ਦੇਣੇ ਵਿਅਰਥ ਹਨ। ਮਲਿਕ ਭਾਗੋ ਨੂੰ ਗੁਰੂ ਨਾਨਕ ਦੇਵ ਜੀ ਦੀ ਏਸ ਸਿੱਖਿਆ ਨਾਲ ਗਿਆਨ ਹੋ ਗਿਆ। ਭਾਈ ਲਾਲੋ ਜੀ ਦੇ ਘਰ ਦੀ ਉਹ ਖੂਹੀ ਜਿੱਥੋਂ ਗੁਰੂ ਸਾਹਿਬ ਇਸ਼ਨਾਨ ਕਰਦੇ ਸਨ, ਉਹ ਸਥਾਨ ਭਗਤੀ ਦਾ ਘਰ ਬਣ ਗਿਆ ਅਤੇ ਉਹ ਜਗ੍ਹਾ ਏਮਨਾਬਾਦ ਵਿਚ ਸਿੱਖ ਧਰਮਸਾਲ ਬਣ ਗਈ ਸੀ ਤੇ ਨਾਨਕ ਨਾਮ ਲੇਵਾ ਇਕੱਠੇ ਹੋਣ ਲੱਗ ਪਏ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ 1517 ਵਿਚ ਭਾਈ ਲਾਲੋ ਜੀ ਦੀ ਸਪੁੱਤਰੀ ਬੀਬੀ ਰੱਜੋ ਦੇ ਵਿਆਹ ਸਮੇਂ ਅਤੇ 1521 ਵਿਚ ਜਦੋਂ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਸੀ, ਉਦੋਂ ਵੀ ਭਾਈ ਲਾਲੋ ਜੀ ਦੇ ਘਰ ਗਏ ਸਨ। ਇਸੇ ਸੰਬੰਧ ਵਿਚ ਗੁਰਬਾਣੀ ਵਿਚ ਦਰਜ ਸ਼ਬਦ ਭਾਈ ਲਾਲੋ ਜੀ ਨੂੰ ਸੰਬੋਧਨ ਕਰਕੇ ਉਚਾਰਿਆ ਸੀ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ"। ਇਸ ਤਰ੍ਹਾਂ ਉਨ੍ਹਾਂ ਭਾਈ ਲਾਲੋ ਜੀ ਨੂੰ ਬੜੇ ਪਿਆਰ ਨਾਲ ਸੱਤ ਵਾਰੀ 'ਵੇ ਲਾਲੋ' ਸ਼ਬਦ ਨਾਲ ਪੁਕਾਰ ਕੇ ਮਾਣ ਸਤਿਕਾਰ ਦਿੱਤਾ ਸੀ। ਅੱਜ ਵੀ ਬ੍ਰਹਮ ਗਿਆਨੀ ਭਾਈ ਲਾਲੋ ਜੀ ਦੀ ਸੱਚੀ ਸੁੱਚੀ, ਇਮਾਨਦਾਰੀ ਵਾਲੀ ਦਸਾਂ ਨਹੁੰਆਂ ਦੀ ਕਮਾਈ 'ਕਿਰਤ ਕਰੋ ਤੇ ਵੰਡ ਛਕੋ' ਵਾਲੇ ਸਿੱਖੀ ਅਸੂਲ ਨੂੰ ਵਡਿਆਉਂਦੀ ਹੈ। 1531 ਵਿਚ ਭਾਈ ਲਾਲੋ ਜੀ ਅਕਾਲ ਪੁਰਖ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਸਨ।

ਉਪਰੰਤ 1914 ਵਿਚ ਵਾਪਰੀ ਇਕ ਹੋਰ ਵਿਰਾਸਤੀ ਮਹੱਤਵਪੂਰਨ ਘਟਨਾ ਕਿ ਬਾਬਾ ਗੁਰਦਿੱਤ ਸਿੰਘ ਜੀ ਨੇ ਕਾਮਾਗਾਟਾਮਾਰੂ ਨਾਮੀ ਜਹਾਜ਼ ਜੋ ਜਪਾਨ ਤੋਂ ਖਰੀਦ ਕੇ ਇਸ ਦਾ ਨਾਂ 'ਗੁਰੂ ਨਾਨਕ ਜਹਾਜ਼' ਰੱਖਿਆ ਸੀ ਤੇ ਮੁਸਾਫਿਰਾਂ ਨੂੰ ਲੈ ਕੇ ਕੈਨੇਡਾ ਪਹੁੰਚੇ ਸਨ ਪਰ ਇਸ ਦੇ ਮੁਸਾਫਿਰਾਂ ਨੂੰ ਵੈਨਕੂਵਰ ਵਿਚ ਉਤਰਨ ਨਹੀਂ ਸੀ ਦਿੱਤਾ ਗਿਆ ਤੇ ਵਾਪਸ ਇੰਡੀਆ ਭੇਜ ਦਿੱਤਾ ਸੀ। ਉਸ ਸਮੇਂ ਦੋਹਾਂ ਮੁਲਕਾਂ (ਇੰਡੀਆ ਤੇ ਕੈਨੇਡਾ) ਵਿਚ ਬਰਤਾਨਵੀ ਸਰਕਾਰ ਹੁਕਮਰਾਨ ਸੀ। ਜਦੋਂ ਇਹ ਗੁਰੂ ਨਾਨਕ ਜਹਾਜ਼ ਕਲਕੱਤਾ ਦੀ ਬਜ ਬਜ ਘਾਟ 'ਤੇ ਵਾਪਸ ਪੁੱਜਾ ਤਾਂ ਇੰਡੀਆ ਵਿਚਲੀ ਬਰਤਾਨਵੀ ਸਰਕਾਰ ਨੇ ਗੋਲੀਆਂ ਚਲਾ ਕੇ ਗੁਰੂ ਨਾਨਕ ਜਹਾਜ਼ ਦੇ 19 ਮੁਸਾਫਿਰਾਂ ਨੂੰ ਸ਼ਹੀਦ ਕਰ ਦਿੱਤਾ ਸੀ। ਇਹਨਾਂ ਮੁਸਾਫਿਰਾਂ ਦੀ ਦੁੱਖ ਭਰੀ ਦਾਸਤਾਨ ਨੂੰ ਸਟੇਜ ਤੋਂ ਹਾਜ਼ਰੀਨ ਸੰਗਤ ਨਾਲ ਸਾਂਝਿਆਂ ਕੀਤਾ ਗਿਆ ਅਤੇ ਇਹਨਾਂ ਸ਼ਹੀਦਾਂ ਦੀ ਵਿਰਾਸਤ ਨੂੰ ਯਾਦ ਰੱਖਦੇ ਹੋਏ ਸਮਾਗਮ ਦੀ ਸਮਾਪਤੀ 'ਤੇ ਸਮੁੱਚੀ ਸੰਗਤ ਵੱਲੋਂ ਅਰਦਾਸ ਵੀ ਕੀਤੀ ਗਈ।

## ਇੰਡੋ ਕਨੇਡੀਅਨ ਸੀਨੀਅਰ ਸੈਂਟਰ ਦਾ ਮਹੀਨਾਵਾਰ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਸਰੀ, 3 ਅਕਤੂਬਰ : ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ ਬੀਤੇ ਐਤਵਾਰ ਨੂੰ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਇਆ।



ਸੈਂਟਰ ਦੇ ਸਕੱਤਰ ਹਰਚੰਦ ਸਿੰਘ ਗਿੱਲ ਨੇ ਸਭ ਨੂੰ ਜੀ ਆਇਆਂ ਆਖਿਆ। ਇਸ ਕਵੀ ਦਰਬਾਰ ਵਿਚ ਗੁਰਬਚਨ ਸਿੰਘ ਬਰਾੜ, ਗੁਰਮੀਤ ਸਿੰਘ ਕਾਲਕਟ, ਗੁਰਚਰਨ ਸਿੰਘ ਬਰਾੜ, ਸਵਰਨ ਸਿੰਘ ਚਾਹਲ, ਪ੍ਰਿੰਸੀਪਲ ਮੇਜਰ ਸਿੰਘ ਜੱਸੀ, ਗੁਰਦਿਆਲ ਸਿੰਘ ਜੌਹਲ, ਪ੍ਰਿੰ. ਮਲੂਕ ਚੰਦ ਕਲੇਰ, ਇੰਦਰਜੀਤ ਕੌਰ ਸੰਧੂ, ਗੁਰਮੀਤ ਸਿੰਘ ਸੇਖੋਂ, ਜੀਤ ਮਹਿਰਾ, ਗੁਰਦਰਸ਼ਨ ਸਿੰਘ ਤਤਲਾ, ਕ੍ਰਿਪਾਲ ਸਿੰਘ ਜੌਹਲ, ਸਵਰਨਜੀਤ ਸਿੰਘ ਸੰਧੂ, ਅਜਮੇਰ ਸਿੰਘ ਢਿੱਲੋਂ, ਪਵਨ ਕੁਮਾਰ ਭੰਮੀਆ, ਭਲਵਾਨ ਸੁਰਿੰਦਰ ਮਾਣਕ, ਇੰਦਰਜੀਤ ਸਿੰਘ ਧਾਮੀ, ਪ੍ਰੋ. ਸ਼ਮੀਰ ਸਿੰਘ, ਮਲਕੀਤ ਸਿੰਘ ਗਿੱਲ, ਬਲਬੀਰ ਸਿੰਘ ਢਿੱਲੋਂ, ਸੁਰਜੀਤ ਸਿੰਘ ਗਿੱਲ, ਚਮਕੌਰ ਸਿੰਘ ਸੇਖੋਂ, ਬੇਅੰਤ ਸਿੰਘ ਢਿੱਲੋਂ, ਭਗਵੰਤ ਕੋਰ ਬੜਿੰਗ, ਅਮਰਜੀਤ ਕੌਰ ਜੀਤ ਆਦਿ ਕਵੀਆਂ ਨੇ ਖੂਬ ਰੰਗ ਬੰਨ੍ਹਿਆਂ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਬਾਖੂਬੀ ਨਿਭਾਈ। ਅੰਤ ਵਿਚ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸੁਰਜੀਤ ਸਿੰਘ ਗਿੱਲ ਵੱਲੋਂ ਪੜੋਤੀ ਦੀ ਖੁਸ਼ੀ ਵਿਚ ਚਾਹ ਪਾਣੀ ਦੀ ਸੇਵਾ ਕੀਤੀ ਗਈ।

## ਮਾਂ ਦੇ ਵੱਖ-ਵੱਖ ਰੂਪ ਸਾਨੂੰ ਸ਼ਰਧਾ ਨਾਲ ਜੁੜਨ ਅਤੇ ਮਾਂ ਦੇ ਅਸਲ ਰੂਪ ਨੂੰ ਜਾਣਨ ਲਈ ਪ੍ਰੇਰਿਤ ਕਰਦੇ ਹਨ – ਸਾਧਵੀ ਦੀਪਿਕਾ ਭਾਰਤੀ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫਰੀਦਕੋਟ , 3 ਅਕਤੂਬਰ : ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਟਾਵਰ ਸਟਰੀਟ ਸ਼ਾਮ ਮੰਦਰ ਨੇੜੇ ਨਵਰਾਤਿਆਂ ਦੇ ਮੌਕੇ 'ਤੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਜਿਸ ਵਿੱਚ ਸ਼੍ਰੀ ਆਸ਼ੁਤੋਸ਼ ਮਹਾਰਾਜ ਜੀ ਦੀ ਸ਼ਿਸ਼ ਸਾਧਵੀ ਦੀਪਿਕਾ ਭਾਰਤੀ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਵੇਂ ਦੁਨੀਆ ਭਰ ਵਿੱਚ ਸ਼ਕਤੀ ਦੀ ਪੂਜਾ ਕਈ ਰੂਪਾਂ ਵਿੱਚ ਕੀਤੀ ਜਾਂਦੀ ਹੈ, ਪਰ ਭਾਰਤ ਸ਼ਕਤੀ ਪੂਜਾ ਦਾ ਕੇਂਦਰ ਹੈ। ਭਾਰਤ ਹੀ ਇੱਕ ਅਜਿਹਾ ਦੇਸ਼ ਹੈ ਜਿੱਥੇ ਸ਼ਕਤੀ ਨੂੰ ਮਾਂ ਕਿਹਾ ਜਾਂਦਾ ਹੈ। ਕਿਉਂਕਿ ਜੋ ਮਾਂ ਹੁੰਦੀ ਹੈ ਉਹ ਕਰੁਣਾ ਦੀ ਸਾਗਰ ਹੁੰਦੀ ਹੈ, ਜੋ ਹਮੇਸ਼ਾ ਆਪਣੇ ਭਗਤਾਂ 'ਤੇ ਆਪਣੇ ਅਸ਼ੀਰਵਾਦ ਦੀ ਵਰਖਾ ਕਰਦੀ ਹੈ। ਜਿਸ ਤਰ੍ਹਾਂ ਇੱਕ ਸੰਸਾਰੀ ਮਾਂ ਕਦੇ ਆਪਣੇ ਬੱਚੇ ਦੇ ਵਿਕਾਸ ਲਈ ਪਿਆਰ ਵਰ੍ਹਾਉਂਦੀ ਹੈ ਅਤੇ ਕਦੇ ਗੁੱਸੇ ਹੁੰਦੀ ਹੈ। ਉਸੇ ਤਰ੍ਹਾਂ ਮਾਂ ਭਗਵਤੀ ਆਦਿ ਸ਼ਕਤੀ ਵੀ ਸਾਡੇ ਮਨੁੱਖਾਂ ਦੇ ਕਲਿਆਣ ਲਈ ਇਸ ਧਰਤੀ 'ਤੇ ਵੱਖ-ਵੱਖ ਰੂਪਾਂ ਵਿੱਚ ਅਵਤਾਰ ਲੈਂਦੀ ਹੈ। ਸਾਨੂੰ ਨਵਰਾਤਿਆਂ ਦੌਰਾਨ ਇਸਦਾ ਸਬੂਤ ਦੇਖਣ ਨੂੰ ਮਿਲਦਾ ਹੈ। ਜਿਸ ਵਿੱਚ ਅਸੀਂ ਮਾਂ ਦੇ ਵੱਖ-ਵੱਖ ਰੂਪਾਂ ਦੀ ਪੂਜਾ ਕਰਦੇ ਹਾਂ। ਜੋ ਸਾਨੂੰ ਸ਼ਰਧਾ ਨਾਲ ਜੁੜਨ ਅਤੇ ਮਾਂ ਦੇ ਅਸਲ ਰੂਪ ਨੂੰ ਜਾਣਨ ਲਈ ਪ੍ਰੇਰਿਤ ਕਰਦੇ ਹਨ। ਅਸੀਂ ਹਰ ਸਾਲ ਨਵਰਾਤਿਆਂ ਦਾ ਤਿਉਹਾਰ ਮਨਾਉਂਦੇ ਹਾਂ, ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਮਾਂ ਸਾਨੂੰ ਕੀ ਸਮਝਾਉਣਾ ਚਾਹੁੰਦੀ ਹੈ। ਮਾਂ ਸਾਨੂੰ ਆਪਣੇ ਅਸਲ ਰੂਪ ਨੂੰ ਜਾਨਣ ਦੀ ਪ੍ਰੇਰਨਾ ਦਿੰਦੀ ਹੈ। ਕਿ ਹੇ ਮਨੁੱਖ, ਜੇਕਰ ਤੂੰ ਉਹੀ ਰੂਪ ਦੇਖਣਾ ਚਾਹੁੰਦਾ ਹੈਂ ਜੋ ਤੂੰ ਬਾਹਰੋਂ ਦੇਖ ਰਿਹਾ ਹੈਂ, ਤਾਂ ਤੈਨੂੰ ਅਜਿਹੇ ਸੰਤ ਦੀ ਭਾਲ ਕਰਨੀ ਪਵੇਗੀ ਜੋ ਤੈਨੂੰ ਮੇਰੇ ਅਸਲੀ ਰੂਪ ਨੂੰ ਤੇਰੇ ਅੰਦਰ ਦਿਖਾ ਦੇਵੇ। ਕਿਉਂਕਿ ਅਸੀਂ ਸਾਰੇ ਨਵਰਾਤਰੀ ਦੇ ਦਿਨਾਂ ਵਿੱਚ ਮਾਂ ਦੀ ਜੋਤ ਜਗਾਉਂਦੇ ਹਾਂ ਅਤੇ ਇਹ ਇਸ ਗੱਲ ਦਾ ਸੰਕੇਤ ਹੈ ਕਿ ਸਾਡੇ ਸਾਰਿਆਂ ਦੇ ਅੰਦਰ ਇੱਕ ਅਜਿਹੀ ਹੀ ਜੋਤ ਜਲ ਰਹੀ ਹੈ ਜੋ ਬ੍ਰਹਮ ਗਿਆਨੀ ਗੁਰੂ ਦੀ ਕਿਰਪਾ ਨਾਲ ਪ੍ਰਗਟ ਹੋਵੇਗੀ। ਤਾਂ ਹੀ ਅਸੀਂ ਨਵਰਾਤਰੀ ਦੇ ਅਸਲ ਅਰਥ ਅਤੇ ਅਸਲ ਮਹੱਤਵ ਨੂੰ ਜਾਣ ਸਕਾਂਗੇ। ਅੰਤ ਵਿੱਚ ਸਾਧਵੀ ਸੁਖਵੀਰ ਭਾਰਤੀ ਅਤੇ ਸਾਧਵੀ ਹਰਜੀਤ ਭਾਰਤੀ ਦੁਆਰਾ ਮਾਤਾ ਰਾਣੀ ਦੀਆਂ ਮਧੁਰ ਭੇਟਾਂ ਦਾ ਗਾਇਨ ਕੀਤਾ ਗਿਆ।

## ਸਵੱਛਤਾ ਹੀ ਸੇਵਾ....

ਸਫ਼ਾਈ ਦਾ ਹੈ ਰੱਖਣਾ ਧਿਆਨ ਬੱਚਿਓ,
ਅੱਜ ਤੋਂ ਹੀ ਲਈਏ ਆਪਾਂ ਠਾਣ ਬੱਚਿਓ,
ਖੁਦ ਤੋਂ ਹੈ ਆਪਾਂ ਸ਼ੁਰੂਆਤ ਕਰਨੀ
ਸਭ ਨੂੰ ਹੈ ਹੋਣਾ ਫਿਰ ਮਾਣ ਬੱਚਿਓ,
ਸਾਫ਼ ਥਾਵਾਂ ਹੁੰਦੀਆਂ ਪਸੰਦ ਸਭ ਨੂੰ
ਘਰ ਆਉਣ ਅਨੇਕਾਂ ਮਹਿਮਾਨ ਬੱਚਿਓ,
ਪਲਾਸਟਿਕ ਦੀ ਵਰਤੋਂ ਸਾਰੇ ਬੰਦ ਕਰ ਕੇ
ਪਾਈਏ ਆਪਣਾ ਬਣਦਾ ਯੋਗਦਾਨ ਬੱਚਿਓ।
ਪਸ਼ੂਆਂ ਦੇ ਲਈ ਹਾਨੀਕਾਰਕ ਹੁੰਦੀ ਏ
ਵਾਤਾਵਰਨ ਨੂੰ ਵੀ ਪਹੁੰਚਾਏ ਨੁਕਸਾਨ ਬੱਚਿਓ,
ਕੂੜੇ ਕਰਕਟ ਦਾ ਸਹੀ ਨਿਪਟਾਰਾ ਕਰਕੇ
ਭਵਿੱਖ ਨਾਲ ਸੰਵਾਰੀਏ ਵਰਤਮਾਨ
ਬੱਚਿਓ,
ਆਪੋ ਆਪਣਾ ਸਭ ਫ਼ਰਜ ਪਛਾਣ ਕੇ
ਕੁਦਰਤ ਦੇ ਬਣੀਏ ਆਪਾਂ ਕਦਰਦਾਨ ਬੱਚਿਓ,
ਸਮਾਂ ਰਹਿੰਦੇ ਜੇ ਨਾ ਆਪਾਂ ਸੁਧਰੇ
ਸਭ ਨੂੰ ਹੈ ਹੋਣਾ ਫਿਰ ਨੁਕਸਾਨ ਬੱਚਿਓ,
ਖੁਦ ਜਾਗੋ ਨਾਲੇ ਜਗਾਓ ਸਭ ਨੂੰ
ਚਾਰੇ ਪਾਸੇ ਵੰਡੀਏ ਇਹ ਗਿਆਨ ਬੱਚਿਓ,
ਸਫ਼ਾਈ ਵਾਲੀ ਜਗ੍ਹਾ ਤੇ ਖੁਦਾਈ ਵੱਸਦੀ
ਗੁਰੂਆਂ ਦਾ ਹੈ ਇਹੋ ਫੁਰਮਾਨ ਬੱਚਿਓ,
ਇਹ ਗੱਲ ਅੱਜ ਤੋਂ ਹੀ ਪੱਲੇ ਬੰਨ ਕੇ
ਕੁਦਰਤ ਦਾ ਹੈ ਕਰਨਾ ਸਨਮਾਨ ਬੱਚਿਓ,
ਸਫ਼ਾਈ ਦਾ ਹੈ ਰੱਖਣਾ ਧਿਆਨ ਬੱਚਿਓ,
ਅੱਜ ਤੋਂ ਹੀ ਲਈਏ ਆਪਾਂ ਠਾਣ ਬੱਚਿਓ।




ਵਰਲਡ ਪੰਜਾਬੀ ਟਾਈਮਜ਼
ਸ.ਧਰਮਿੰਦਰ ਸਿੰਘ

## ਸਮਿ੍ਧੀ ਕਲਾ ਉਤਸਵ -2025 ਅਧੀਨ ਅਧਿਆਪਕਾਂ ਦੇ ਬਲਾਕ ਪੱਧਰੀ ਮੁਕਾਬਲੇ ਕਰਵਾਏ ਗਏ

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 3 ਅਕਤੂਬਰ : ਸਮੱਗਰਾ ਸਿੱਖਿਆ ਅਭਿਆਨ ਤਹਿਤ ਸਮਿ੍ਧੀ ਪ੍ਰੋਗਰਾਮ -2025 ਅਧੀਨ ਲੈਸਨ ਪਲਾਨ /ਪ੍ਰੋਜੈਕਟ ਪ੍ਰਪੋਜ਼ਲ ਬਲਾਕ ਪੱਧਰ ਤੇ 9ਵੀਂ ਤੋਂ 12ਵੀਂ ਜਮਾਤ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਬਲਾਕ ਪੱਧਰ ਤੇ ਪ੍ਰਤੀਯੋਗਤਾ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ਼੍ਰੀਮਤੀ ਨੀਲਮ ਰਾਣੀ ਦੀ ਯੋਗ ਅਗਵਾਈ ਅਤੇ ਬਲਾਕ ਫ਼ਰੀਦਕੋਟ-1 ਵਿਖੇ ਪ੍ਰਿੰਸੀਪਲ ਅਮਰਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀਪ ਸਿੰਘ ਵਾਲਾ, ਬਲਾਕ ਫ਼ਰੀਦਕੋਟ-2 ਵਿਖੇ ਪ੍ਰਿੰਸੀਪਲ ਦੀਪਕ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪੰਜਗਰਾਈ ਕਲਾਂ,ਬਲਾਕ ਫ਼ਰੀਦਕੋਟ-3 ਵਿਖੇ ਪ੍ਰਿੰਸੀਪਲ ਰਾਜਵਿੰਦਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਚਾਕੀ ਮੱਲ ਸਿੰਘ,ਬਲਾਕ ਕੋਟਕਪੂਰਾ ਵਿਖੇ ਪ੍ਰਿੰਸੀਪਲ ਕੁਲਵਿੰਦਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਰਾ ਅਤੇ ਬਲਾਕ ਜੈਤੋ ਵਿਖੇ ਪ੍ਰਿੰਸੀਪਲ ਪੰਨਾ ਲਾਲ ਸਕੂਲ ਆਫ਼ ਐਮੀਨੈਂਸ ਕੋਟਕਪੂਰਾ ਦੀ ਦੇਖ-ਰੇਖ ਹੇਠ ਪ੍ਰਤੀਯੋਗਤਾਵਾਂ ਬਹੁਤ ਹੀ ਸ਼ਾਨਦਾਰ ਢੰਗ ਨਾਲ ਕਰਵਾਈਆਂ ਗਈਆਂ।

ਇਨ੍ਹਾਂ ਬਲਾਕ ਪੱਧਰੀ ਪ੍ਰਤੀਯੋਗਤਾਵਾਂ ਦੇ ਨਤੀਜੇ ਇਸ ਪ੍ਰਕਾਰ ਰਹੇ: ਬਲਾਕ ਫ਼ਰੀਦਕੋਟ-1 ਗਿਤੇਸ਼ ਨਾਰੰਗ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡ ਸਾਹਿਬ ਨੇ ਪਹਿਲਾ ਸਥਾਨ ਹਾਸਲ ਕੀਤਾ। ਮੁਕਾਬਲੇ ਦੀ ਜੱਜਮੈਂਟ ਗੁਰਮੀਤ ਸਿੰਘ ਲੈਕਚਰਾਰ ਬਾਇਓ ਅਤੇ ਅਮਰਜੀਤ ਸਿੰਘ ਸਾਇੰਸ ਮਾਸਟਰ ਨੇ ਕੀਤੀ। ਬਲਾਕ ਫ਼ਰੀਦਕੋਟ-2 'ਚ ਨੀਸ਼ੂ ਭੱਲਾ ਸਾਇੰਸ ਮਿਸਟ੍ਰੈਸ ਸਰਕਾਰੀ ਹਾਈ ਸਕੂਲ ਬੀੜ ਸਿੱਖਾਂਵਾਲਾ ਨੇ ਪਹਿਲਾ, ਵਿਜੈ ਦੇਵਗਣ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਾਂਦਰ ਜਟਾਣਾ ਨੇ ਦੂਜਾ, ਸ਼ਰਨਜੀਤ ਕੌਰ ਐਸ.ਐਸ.ਮਿਸਟ੍ਰੈਸ ਸਰਕਾਰੀ ਹਾਈ ਸਕੂਲ ਢੀਮਾਂਵਾਲੀ ਅਤੇ ਜਗਦੀਪ ਕੁਮਾਰ ਮੈਥ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਚਾਕੀ ਮੱਲ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਬਲਾਕ ਫ਼ਰੀਦਕੋਟ-3 'ਚੋਂ ਹਰਵਿੰਦਰ ਕੌਰ ਮੈਥ ਮਿਸਟ੍ਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੀ ਕਲਾਂ ਨੇ ਪਹਿਲਾ, ਸ਼੍ਰੀਮਤੀ ਜੋਤੀ ਸਾਇੰਸ ਮਿਸਟ੍ਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਲੇਵਾਲਾ ਨੇ ਦੂਜਾ ਸਥਾਨ ਹਾਸਲ ਕੀਤਾ। ਬਲਾਕ ਫ਼ਰੀਦਕੋਟ-2 ਅਤੇ 3 ਦੀ ਜੱਜਮੈਂਟ ਪ੍ਰਕਾਸ਼ ਕੁਮਾਰ ਲੈਕਚਰਾਰ ਕਮਰਸ, ਅਰੁਣ ਕੁਮਾਰ ਲੈਕਚਰਾਰ ਅੰਗਰੇਜ਼ੀ ਨੇ ਕੀਤੀ। ਬਲਾਕ ਕੋਟਕਪੂਰਾ 'ਚੋਂ ਨੀਨਾ ਰਾਣੀ ਮੈਥ ਮਿਸਟ੍ਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਕੋਟਕਪੂਰਾ ਨੇ ਪਹਿਲਾ, ਪ੍ਰਮੋਦ ਕੁਮਾਰ ਕੰਪਿਊਟਰ ਫ਼ੈਕਲਿਟੀ ਸਰਕਾਰੀ ਹਾਈ ਸਕੂਲ ਢੈਪਈ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਦੀ ਜੱਜਮੈਂਟ ਸ਼੍ਰੀ ਚਿੱਤਰਾ ਕੁਮਾਰੀ ਹੈਡ ਮਿਸਟ੍ਰੈਸ,ਹਰਸ਼ਵਿੰਦਰ ਕੌਰ ਲੈਕਚਰਾਰ ਪੰਜਾਬੀ ਰੋਮਾਣਾ ਅਲਬੇਲ ਸਿੰਘ ਨੇ ਕੀਤੀ। ਬਲਾਕ ਜੈਤੋ ਦੇ ਮੁਕਾਬਲੇ 'ਚ ਮੀਨੂੰ ਬਾਲਾ ਐਸ.ਐਸ.ਮਿਸਟ੍ਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜੈਤੋ ਨੇ ਪਹਿਲਾ, ਕੰਵਲਜੀਤ ਕੌਰ ਐਸ.ਐਸ.ਮਿਸਟ੍ਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜੈਤੋ ਨੇ ਦੂਜਾ ਅਤੇ ਗੌਰਵ ਧਵਨ ਮੈਥ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਗਾੜੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਦੀ ਜੱਜਮੈਂਟ ਸ਼੍ਰੀ ਕਪਿਲ ਕੁਮਾਰ ਮੁੱਖ ਅਧਿਆਪਕ ਅਤੇ ਸ਼੍ਰੀ ਤਰਸੇਮ ਮੌਂਗਾ ਮੁੱਖ ਅਧਿਆਪਕ ਨੇ ਕੀਤੀ। ਇਸ ਸਬੰਧੀ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ਼੍ਰੀਮਤੀ ਨੀਲਮ ਰਾਣੀ ਨੇ ਦੱਸਿਆ ਕਿ ਬਲਾਕ ਪੱਧਰ ਤੇ ਪਹਿਲਾ ਸਥਾਨ ਵਾਲੇ ਮੁਕਾਬਲੇ ਦੂਜੇ ਪੜਾਅ 'ਚ ਜ਼ਿਲਾ ਪੱਧਰ ਅਤੇ ਤੀਜੇ ਪੜਾਅ 'ਚ ਰਾਜ ਪੱਧਰੀ ਮੁਕਾਬਲੇ 'ਚ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਇਸ ਪ੍ਰਤੀਯੋਗਤਾ 'ਚ ਅਧਿਆਪਕਾਂ ਨੇ ਕਲਾ ਅਤੇ ਅਧਿਆਪਕ ਦੇ ਸੁਮੇਲ ਰਾਹੀਂ ਸਿੱਖਿਆ ਪ੍ਰਦਾਨ ਕਰਨ ਸਬੰਧੀ ਆਪੋ-ਆਪਣੇ ਬਹੁਤ ਸਾਰੇ ਨਵੇਂ ਤਜਰਬੇ ਆਪੋ-ਆਪਣੇ ਬਲਾਕਾਂ 'ਚ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਜੇਤੂ ਅਧਿਆਪਕਾਂ ਨੂੰ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਜਾਵੇਗਾ।

## ਦਿਨ ਖੁਸ਼ੀਆਂ ਦੇ



ਦਿਨ ਖੁਸ਼ੀਆਂ ਦੇ ਆਵਣ ਰੱਬਾ!
ਦੁਖ ਸਾਡੇ ਮਿਟ ਜਾਵਣ ਰੱਬਾ!

ਦੋ ਵੇਲੇ ਦੀ ਮਿਲ 'ਜੇ ਰੋਟੀ।
ਸਾਡੇ ਲਈ ਇਹ ਗੱਲ ਨ੍ਹੀਂ ਛੋਟੀ।
ਕੀ ਕਰਨੈ ਅਸੀਂ ਸਾਵਣ ਰੱਬਾ!

ਹੜ੍ਹ ਵਰਗੀ ਬਿਪਤਾ ਨਾ ਆਵੇ।
ਨਾ ਸੋਕੇ ਦਾ ਭਉ ਸਤਾਵੇ।
ਤਾਂ ਹੀ ਦਿਨ ਇਹ ਭਾਵਣ ਰੱਬਾ!

ਰਹੇ ਨਾ ਏਥੇ ਬੇਰੁਜ਼ਗਾਰੀ।
ਮੁੱਕੇ ਸਾਰੀ ਖੱਜਲ-ਖੁਆਰੀ।
ਮਨਚਾਹਿਆ ਸਭ ਪਾਵਣ ਰੱਬਾ!

ਮਿਲੀਏ ਸਭ ਨੂੰ ਪਾ ਗਲਵੱਕੜੀ।
ਗੱਡੀ ਆ ਜਾਵੇ ਫਿਰ ਪਟੜੀ।
ਤੇਰਾ ਸ਼ੁਕਰ ਮਨਾਵਣ ਰੱਬਾ!

ਹੱਕ ਸੱਚ ਦੀ ਕਰੋ ਕਮਾਈ।
ਚੱਲਣਾ ਸਿਖੀਏ ਹੁਕਮ ਰਜ਼ਾਈ।
ਸਾਰੇ ਵੰਡ ਕੇ ਖਾਵਣ ਰੱਬਾ!

ਪੌਣ ਪਾਣੀ ਤੇ ਧਰਤ ਬਚਾਈਏ।
ਨਸ਼ਿਆਂ ਦੇ ਨੇੜੇ ਨਾ ਜਾਈਏ।
ਮੁੱਕਣ ਸਾਰੇ ਰਾਵਣ ਰੱਬਾ!

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ